ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030206
Available online at: www.armaan.org.in
DOI: https://doi.org/10.64119/armaan.vol.3.issue2.06

# CHAHILAN DA MAKKA: BABA JOGIPEER JI DA PISHOKAD

# ਚਹਿਲਾਂ ਦਾ ਮੱਕਾ: ਬਾਬਾ ਜੋਗੀਪੀਰ ਜੀ ਦਾ ਪਿਛੋਕੜ

**ਪ੍ਰੋ. ਰਾਜਵਿੰਦਰ ਕੌਰ** ( Prof. Rajwinder Kaur)
**ਸਹਾਇਕ ਪ੍ਰੋਫੈਸਰ, ਪੰਜਾਬੀ** (Assistant Professor, Punjabi)
**ਪੰਜਾਬੀ ਯੂਨੀਵਰਸਿਟੀ, ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ, ਰੱਲਾ, ਮਾਨਸਾ (ਪੰਜਾਬ)।**
Email ID: rajwinderkaur3877@gmail.com **ਮੋਬਾਈਲ**: +91-95011-43052

**ਸਾਰ (Abstract)**

*ਬਾਬਾ ਜੋਗੀਪੀਰ ਜੀ ਦਾ ਵੱਡਾ ਮੇਲਾ ਪਿੰਡ ਰੱਲਾ, ਜਿਲ੍ਹਾ ਮਾਨਸਾ (ਪੰਜਾਬ) ਵਿੱਚ ਸਾਲ ਵਿੱਚ ਦੋ ਵਾਰ ਭਾਦਰੋਂ (ਸਤੰਬਰ) ਅਤੇ ਚੇਤ (ਅਪ੍ਰੈਲ) ਮਹੀਨੇ ਦੇ ਚਾਨਣੇ ਪੱਖ ਦੀ ਤੀਜ ਅਤੇ ਚੌਥ ਵਾਲੇ ਦਿਨ ਇਸ ਸਥਾਨ 'ਤੇ ਬਹੁਤ ਭਾਰੀ ਮੇਲਾ ਲੱਗਦਾ ਹੈ। ਪ੍ਰੰਤੂ ਹਰ ਮਹੀਨੇ ਦੀ ਤੀਜ ਤੇ ਚੌਥ ਵਾਲੇ ਦਿਨ ਇਸ ਸਥਾਨ ਤੇ ਲੋਕ ਬੜੀ ਸ਼ਰਧਾ ਨਾਲ ਆਉਂਦੇ ਹਨ। ਦੇਸ਼-ਵਿਦੇਸ਼ ਵਿੱਚ ਵਸਦੇ ਚਹਿਲ ਗੋਤ ਦੇ ਲੋਕ ਵੱਡੇ ਮੇਲੇ ਤੇ ਜ਼ਰੂਰ ਆਉਂਦੇ ਹਨ। ਚਹਿਲ ਗੋਤ ਦੇ ਲੋਕ ਖੁਸ਼ੀ ਦੇ ਮੌਕੇ 'ਤੇ ਆਪਣੀਆਂ ਬਹੁਤ ਸਾਰੀਆਂ ਰਸਮਾਂ ਨਿਭਾਉਂਦੇ ਹਨ ਜਿਵੇਂ ਨਵੇਂ ਵਿਆਹੇ ਗੰਢ ਜੋੜੇ ਦੀ ਸੁੱਖ ਦੇਣ ਸਮੇਂ ਗੁੜ ਦੀ ਭੇਲੀ ਚੜਾਉਂਦੇ ਹਨ। ਨਵ-ਵਿਆਹੇ ਜੋੜੇ ਦੇ ਪੱਲੇ ਦੀ ਗੰਢ ਚਹਿਲਾਂ ਦੀ ਕੰਨਿਆ ਵੱਲੋਂ ਬੰਨ੍ਹੀ ਜਾਂਦੀ ਹੈ। ਚਹਿਲ ਗੋਤ ਦੀਆਂ ਧੀਆਂ ਸੁਨੱਖੀਆਂ ਹੁੰਦੀਆ ਹਨ ਤੇ ਵਿਆਹ ਤੋਂ ਬਾਅਦ ਕਦੇ ਬੇਔਲਾਦ ਨਹੀਂ ਰਹਿੰਦੀਆਂ। ਪੁੱਤਰ ਹੋਣ ਦੀ ਖੁਸ਼ੀ ਚਹਿਲ ਗੋਤ ਦੇ ਲੋਕ ਬਾਬਾ ਜੋਗੀਪੀਰ ਦੀ ਬੁਲੰਦ ਦੇ ਮੁੱਖ ਗੇਟ 'ਤੇ ਨਿੰਮ ਬੰਨ੍ਹਦੇ ਹਨ ਤੇ ਮੱਝ ਦਾ ਸੂਆ ਹੋਣ 'ਤੇ ਦੁੱਧ ਘਰ ਵਿੱਚ ਵਰਤਣ ਤੋਂ ਪਹਿਲਾ ਬਾਬਾ ਜੋਗੀਪੀਰ ਦੇ ਲੰਗਰ ਵਿੱਚ ਪਾਇਆ ਜਾਂਦਾ ਹੈ। ਚਹਿਲ ਗੋਤ ਵਿੱਚ ਜਨਮ ਲੈਣ ਵਾਲਾ ਬੱਚਾ ਕਦੇ ਵੀ ਜਨਮ ਸਮੇਂ ਅੰਨ੍ਹਾਂ ਜਾ ਕਾਣਾ ਨਹੀਂ ਹੁੰਦਾ। ਭਾਵੇਂ ਇਸ ਮੇਲੇ ਵਿੱਚ ਕੋਈ ਵੀ ਜਾਤੀ, ਧਰਮ, ਗੋਤ ਦਾ ਵਿਅਕਤੀ ਆ ਸਕਦਾ ਹੈ ਪਰ ਚਹਿਲ ਗੋਤ ਦੇ ਲੋਕਾਂ ਦਾ ਆਉਣਾ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ। ਇਸ ਕਰਕੇ ਇਸ ਸਥਾਨ ਨੂੰ 'ਚਹਿਲਾਂ ਦਾ ਮੱਕਾ' ਕਿਹਾ ਜਾਂਦਾ ਹੈ।*

***ਕੀਵਰਡ (Keyword): ਬਾਬਾ ਜੋਗੀਪੀਰ, ਚਹਿਲ ਗੋਤ, ਇਤਿਹਾਸ, ਪਿੰਡ ਰੱਲਾ ਮੇਲੇ, ਜਠੇਰਾ।***

**ਭੂਮਿਕਾ**:

'ਮੇਲਾ ਸ਼ਬਦ ਮਿਲਣ, ਮਿਲਾਪ ਤੇ ਮੇਲ-ਜੋਲ ਤੋਂ ਬਣਿਆ ਹੈ, ਜਿੱਥੇ ਸ਼ਰਧਾਲੂ ਅਤੇ ਭਾਈਚਾਰਿਆਂ ਦੇ ਆਪਸੀ ਮੇਲ ਹੁੰਦੇ ਹਨ। ਇਸ ਕਰਕੇ ਮੇਲ-ਮਿਲਾਪ ਦੀ ਸਾਂਝ ਨੂੰ ਮੇਲੇ ਦਾ ਨਾਮ ਦਿੱਤਾ ਗਿਆ ਹੈ। ਇਸ ਮੇਲ-ਜੋਲ ਨਾਲ ਵੱਖਰਾ ਨਿੱਘ ਅਤੇ ਪ੍ਰੇਮ-ਪਿਆਰ ਦਾ ਤੀਬਰ ਅਹਿਸਾਸ ਜਾਗਦਾ ਹੈ। ਧਾਰਮਿਕ ਤ੍ਰਿਪਤੀ ਤੋਂ ਇਲਾਵਾ ਮੇਲੇ ਸਾਂਤੀ, ਭਾਈਚਾਰਕ ਸਾਂਝ ਤੇ ਪ੍ਰੇਮ ਭਾਵਨਾ ਦਾ ਸੁਨੇਹਾ ਦਿੰਦੇ ਹਨ।

*"ਮੇਲਾ ਕਿਸੇ ਜਾਤੀ ਦੇ ਲੋਕਾਂ ਦੀਆਂ ਨਿੱਜੀ ਤੇ ਸਮੂਹਿਕ ਸੱਧਰਾਂ, ਭਾਵਨਾਵਾਂ ਤੇ ਚੇਸ਼ਟਾਵਾਂ ਦੀ ਸਹਿਜ ਪ੍ਰਵਾਹਮਈ ਇੱਕਸਾਰਤਾ ਹਨ। ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ ਹੈ। ਲੋਕ ਪ੍ਰਤਿਭਾ ਨਿਖਰਦੀ ਹੈ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮਨ-ਪ੍ਰਚਾਵੇ ਤੇ ਮੇਲ-ਜੋਲ ਦੇ ਸਮੂਹਿਕ ਵਸੀਲੇ ਹੋਣ ਨਾਲ ਮੇਲੇ ਧਾਰਮਿਕ ਤੇ ਕਲਾਤਮਿਕ ਭਾਵਾਂ ਦੀ ਤ੍ਰਿਪਤੀ ਕਰਦੇ ਹਨ।"[1]*

ਇਸ ਤਰ੍ਹਾਂ ਮੇਲੇ ਦੇਸ਼ ਦੀ ਕੌਮ ਸੱਭਿਆਚਾਰ ਦੀ ਰੂਹ ਤੇ ਜ਼ਿੰਦ-ਜਾਨ ਹੁੰਦੇ ਹਨ ਜਦੋਂ ਪੰਜਾਬੀ ਮੇਲਿਆਂ ਵਿੱਚ ਜਾ ਕੇ ਗੁੱਭ-ਗਭਾਟ ਕੱਢਦੇ ਹਨ। ਇਹਨਾਂ ਮੇਲਿਆਂ ਰਾਹੀਂ ਪੰਜਾਬੀਆਂ ਦੇ ਇਤਿਹਾਸ, ਮਿਥਿਹਾਸ, ਧਾਰਮਿਕ, ਰਾਜਨੀਤਕ ਤੇ ਮਾਨਸਿਕਤਾ ਦੀ ਪੂਰੀ ਜਾਣਕਾਰੀ ਮਿਲਦੀ ਹੈ।

ਬਾਬਾ ਜੋਗੀਪੀਰ ਜੀ ਦਾ ਵੱਡਾ ਮੇਲਾ ਪਿੰਡ ਰੱਲਾ, ਜਿਲ੍ਹਾ ਮਾਨਸਾ (ਪੰਜਾਬ) ਵਿੱਚ ਸਾਲ ਵਿੱਚ ਦੋ ਵਾਰ ਭਾਦਰੋਂ (ਸਤੰਬਰ) ਅਤੇ ਚੇਤ (ਅਪ੍ਰੈਲ) ਮਹੀਨੇ ਦੇ ਚਾਨਣੇ ਪੱਖ ਦੀ ਤੀਜ ਅਤੇ ਚੌਥ ਵਾਲੇ ਦਿਨ ਇਸ ਸਥਾਨ 'ਤੇ

 Received: 12 May 2025 Accepted: 03 June 2025 Published: 13 June 2025

ਬਹੁਤ ਭਾਰੀ ਮੇਲਾ ਲੱਗਦਾ ਹੈ। ਪ੍ਰੰਤੂ ਹਰ ਮਹੀਨੇ ਦੀ ਤੀਜ ਤੇ ਚੌਥ ਵਾਲੇ ਦਿਨ ਇਸ ਸਥਾਨ ਤੇ ਲੋਕ ਬੜੀ ਸ਼ਰਧਾ ਨਾਲ ਆਉਂਦੇ ਹਨ। ਦੇਸ਼-ਵਿਦੇਸ਼ ਵਿੱਚ ਵਸਦੇ ਚਹਿਲ ਗੋਤ ਦੇ ਲੋਕ ਵੱਡੇ ਮੇਲੇ ਤੇ ਜ਼ਰੂਰ ਆਉਂਦੇ ਹਨ। ਚਹਿਲ ਗੋਤ ਦੇ ਲੋਕ ਖੁਸ਼ੀ ਦੇ ਮੌਕੇ ’ਤੇ ਆਪਣੀਆਂ ਬਹੁਤ ਸਾਰੀਆਂ ਰਸਮਾਂ ਨਿਭਾਉਂਦੇ ਹਨ ਜਿਵੇਂ ਨਵੇਂ ਵਿਆਹੇ ਗੰਢ ਜੋੜੇ ਦੀ ਸੁੱਖ ਦੇਣ ਸਮੇਂ ਗੁੜ ਦੀ ਭੇਲੀ ਚੜ੍ਹਾਉਂਦੇ ਹਨ। ਨਵ-ਵਿਆਹੇ ਜੋੜੇ ਦੇ ਪੱਲੇ ਦੀ ਗੰਢ ਚਹਿਲਾਂ ਦੀ ਕੰਨਿਆ ਵੱਲੋਂ ਬੰਨ੍ਹੀ ਜਾਂਦੀ ਹੈ। ਚਹਿਲ ਗੋਤ ਦੀਆਂ ਧੀਆਂ ਸੁਨੱਖੀਆਂ ਹੁੰਦੀਆ ਹਨ ਤੇ ਵਿਆਹ ਤੋਂ ਬਾਅਦ ਕਦੇ ਬੇਔਲਾਦ ਨਹੀਂ ਰਹਿੰਦੀਆਂ। ਪੁੱਤਰ ਹੋਣ ਦੀ ਖੁਸ਼ੀ ਚਹਿਲ ਗੋਤ ਦੇ ਲੋਕ ਬਾਬਾ ਜੋਗੀਪੀਰ ਦੀ ਬੁਲੰਦ ਦੇ ਮੁੱਖ ਗੇਟ ’ਤੇ ਨਿੰਮ ਬੰਨ੍ਹਦੇ ਹਨ ਤੇ ਮੱਝ ਦਾ ਸੂਆ ਹੋਣ 'ਤੇ ਦੁੱਧ ਘਰ ਵਿੱਚ ਵਰਤਣ ਤੋਂ ਪਹਿਲਾ ਬਾਬਾ ਜੋਗੀਪੀਰ ਦੇ ਲੰਗਰ ਵਿੱਚ ਪਾਇਆ ਜਾਂਦਾ ਹੈ। ਚਹਿਲ ਗੋਤ ਵਿੱਚ ਜਨਮ ਲੈਣ ਵਾਲਾ ਬੱਚਾ ਕਦੇ ਵੀ ਜਨਮ ਸਮੇਂ ਅੰਨ੍ਹਾਂ ਜਾ ਕਾਣਾ ਨਹੀਂ ਹੁੰਦਾ। ਭਾਵੇਂ ਇਸ ਮੇਲੇ ਵਿੱਚ ਕੋਈ ਵੀ ਜਾਤੀ, ਧਰਮ, ਗੋਤ ਦਾ ਵਿਅਕਤੀ ਆ ਸਕਦਾ ਹੈ ਪਰ ਚਹਿਲ ਗੋਤ ਦੇ ਲੋਕਾਂ ਦਾ ਆਉਣਾ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ। ਇਸ ਕਰਕੇ ਇਸ ਸਥਾਨ ਨੂੰ ‘ਚਹਿਲਾਂ ਦਾ ਮੱਕਾ’ ਕਿਹਾ ਜਾਂਦਾ ਹੈ।

**ਬਾਬਾ ਜੋਗੀਪੀਰ ਜੀ ਦਾ ਪਿਛੋਕੜ:**

ਬਾਬਾ ਜੋਗੀਪੀਰ ਜੀ ਦੇ ਜਨਮ ਸਥਾਨ, ਘਰਾਣੇ, ਸ਼ਹੀਦੀ ਸਥਾਨ ਬਾਰੇ ਕੁੱਝ ਨਹੀਂ ਪਤਾ ਬਹੁਤੇ ਤਾਂ ਬਾਬਾ ਜੀ ਦੀ ਜਨਮ ਭੂਮੀ ਪੰਜਾਬ ਹੀ ਸਮਝਦੇ ਹਨ। ਪ੍ਰੰਤੂ ਲੋਕਾਂ ਨੂੰ ਬਾਬਾ ਜੋਗੀਪੀਰ ਜੀ ਦੇ ਇਤਿਹਾਸ ਨਾਲ ਸੰਬੰਧਿਤ ਲੱਗਣ ਵਾਲੇ ਇਹਨਾਂ ਯਾਦਗਾਰੀ ਮੇਲਿਆਂ ਬਾਰੇ ਠੀਕ ਜਾਣਕਾਰੀ ਪੀੜ੍ਹੀ-ਦਰ-ਪੀੜ੍ਹੀ ਚੱਲ ਰਹੀਆਂ ਰੀਤੀਬੱਧ ਗੱਲਾਂ ਤੇ ਵਿਸ਼ਵਾਸ ਕਰਕੇ ਉਸ ਨੂੰ ਆਪਣੀ ਸ਼ਰਧਾ ਭਾਵਨਾ ਸਹਿਤ ਹੀ ਜੋੜ-ਮੇਲੇ ਸਜਾਕੇ ਆਪਣੀ ਸ਼ਰਧਾ ਭੇਟ ਕਰਕੇ ਹੀ ਮਨ ਦੀ ਸੰਤੁਸ਼ਟੀ ਅਤੇ ਤ੍ਰਿਪਤੀ ਪ੍ਰਾਪਤ ਕਰਦੇ ਹਨ। ਗਿਆਰਵੀਂ ਸਦੀ ਦੇ ਆਰੰਭ ਸਮੇਂ ਭਾਰਤ ਵਿੱਚ ਦੋ ਹਿੰਦੂ ਸ਼ਾਹੀ ਰਾਜ ਕਰ ਰਹੇ ਸਨ। ਪੰਜਾਬ ਦੇ ਹਿੰਦੂ ਸ਼ਾਹੀ ਰਾਜ ਤੋਂ ਇਲਾਵਾ ਦੂਜਾ ਹਿੰਦੂ ਸ਼ਾਹੀ ਰਾਜ ਮੱਧ ਭਾਰਤ ਵਿੱਚ ਆਵੰਤੀ (ਉਜੈਨ) ਜਾਂ ਮਾਲਵੇ ਦੇ ਆਲੇ -ਦੁਆਲੇ ਵਿੱਚ ਸੀ, ਜਿਸ ਨੂੰ ਪੰਚਾਲ ਕਿਹਾ ਜਾਂਦਾ ਸੀ। ਉਸ ਦਾ ਰਾਜ ਦਾ ਨਗਰ ਰਾਜਧਾਨੀ ਉਸ ਸਮੇਂ ਇਤਿਹਾਸਕ ਤੇ ਪ੍ਰਸਿੱਧ ਨਗਰ ਕਨੌਜ ਹੁੰਦਾ ਸੀ। ਕਨੌਜ ਨੂੰ ਜਿੱਤਣਾ ਜਾਂ ਉਸਦੇ ਰਾਜ ਕਰਨ ਨੂੰ ਗੌਰਵਸ਼ਾਲੀ ਮੰਨਿਆ ਜਾਂਦਾ ਸੀ। ਉਸ ਸਮੇਂ ਉੱਥੋਂ ਦਾ ਮਹਾਰਾਜਾ ਰਾਜਪਾਲ ਸੀ। ਇਤਿਹਾਸਕਾਰਾਂ ਅਨੁਸਾਰ ਰਾਜਪਾਲ ਬਾਬਾ ਜੋਗੀਪੀਰ ਜੀ ਦੇ ਪਿਤਾ ਸਨ। ਰਾਜਪਾਲ ਦਾ ਰਾਜ ਨਗਰ ਕਨੌਜ ਸੀ। ਇਸ ਕਰਕੇ ਬਾਬਾ ਜੋਗੀਪੀਰ ਜੀ ਦੀ ਜਨਮਭੂਮੀ ਪ੍ਰਸਿੱਧ ਨਗਰ ਕਨੌਜ ਦਰਿਆ ਗੰਗਾ ਦੇ ਪੱਛਮ ਵੱਲ ਵਸਿਆ ਹੋਇਆ ਮਹਾਂਨਗਰ ਸੀ ਜੋ ਕਿ ਇਕ ਪ੍ਰਾਚੀਨ ਤੇ ਧਾਰਮਿਕ ਪੱਖੋਂ ਪਵਿੱਤਰ ਸ਼ਹਿਰ ਸਮਝਿਆ ਜਾਂਦਾ ਸੀ। ਪ੍ਰੰਤੂ ਇਹ ਇਤਿਹਾਸ ਵਿਲੱਖਣ ਹੈ।

> *“ਬਾਬਾ ਜੋਗੀਪੀਰ ਜੀ ਦਾ ਅਸਲੀ, ਬਚਪਨ ਜਾਂ ਮੁੱਢਲਾ ਅਤੇ ਖਾਨਦਾਨੀ ਨਾਮ ਰਾਇ ਜੋਗਾ ਜਾਂ ਕੇਵਲ ਜੋਗਾ ਸੀ ਜੋ ਪ੍ਰਾਚੀਨ ਇਤਿਹਾਸ ਵਿੱਚ ਦਰਜ ਹੈ।”* [2]

ਬਾਬਾ ਜੋਗੀਪੀਰ ਜੀ ਦੀ ਸ਼ਹਾਦਤ ਮੱਧ ਭਾਰਤ ਦੇ ਬਾਰੀ ਨਗਰ ਜੋ ਗੰਗਾ ਦੇ ਉੱਤਰੀ ਪਾਸੇ ਸਥਿਤ ਹੈ, ਕੌਰਾਗੜ੍ਹ ਕਿਲੇ ਅੰਦਰ ਸੁਲਤਾਨ ਮਹਿਮੂਦ ਗਜ਼ਨਵੀਂ ਦੇ ਹਿੰਦ 'ਤੇ ਹਮਲੇ ਸਮੇਂ ਹੋਈ ਸੀ। ਇਹ ਘਟਨਾ ਚੇਤ ਸੁਦੀ ਚਾਰ ਅਥਵਾ ਚੇਤ ਦੀ ਚਾਨਣੀ ਚੌਥ ਸੰਮਤ 1077-78 ਬਿਕ੍ਰਮੀ ਸੰਮਤ 1020-21 ਈ. ਨੂੰ ਬਰਸੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ ਕਿਉਂਕਿ ਮਹਿਮੂਦ ਗਜ਼ਨਵੀ ਆਪਣੇ ਹਮਲੇ ਬਰਸਾਤ ਰੁੱਤ ਦੇ ਖਤਮ ਹੋਣ ਜਾਂ ਸਰਦੀਆਂ ਦੇ ਆਰੰਭ ਤੋਂ ਪਹਿਲਾ ਸ਼ੁਰੂ ਕਰਦਾ ਸੀ। ਗਰਮੀ ਰੁੱਤ ਦੇ ਆਰੰਭ ਹੋਣ ਤੋਂ ਪਹਿਲਾ ਗਜਨੀ ਪਹੁੰਚ ਜਾਂਦਾ ਸੀ। ਇਸ ਤੱਥ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਇਹ ਘਟਨਾ ਗਜ਼ਨਵੀ ਦੇ ਆਉਣ ਸਮੇਂ ਨਹੀਂ, ਸਗੋਂ ਵਾਪਸੀ ਤੋਂ ਪਹਿਲਾ ਘਟੀ ਸੀ। ਇਸ ਕਰਕੇ ਚੇਤ (ਅਪ੍ਰੈਲ) ਮਹੀਨੇ ਦਾ ਮੇਲਾ ਬਾਬਾ ਜੋਗੀਪੀਰ ਜੀ ਦੀ ਬਰਸੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਬਾਬਾ ਜੋਗੀਪੀਰ ਜੀ ਨਾਲ ਸੰਬੰਧਿਤ ਦੂਜਾ ਮੇਲਾ ਭਾਦਰੋਂ (ਸਤੰਬਰ) ਮਹੀਨੇ ਦੀ ਚਾਨਣੀ ਚੌਥ ਨੂੰ ਮਨਾਇਆ ਜਾਂਦਾ ਹੈ। ਹਿੰਦੂ, ਮੁਸਲਮਾਨ ਤੇ ਸਿੱਖ ਚਹਿਲਾਂ ਵੱਲੋਂ ਵੀ ਪੰਜਾਬ, ਹਰਿਆਣਾ, ਮੱਧ ਭਾਰਤ ਤੇ ਪਾਕਿਸਤਾਨ ਵਿੱਚ ਇਹ ਦਿਨ ਮਨਾਇਆ ਜਾਂਦਾ ਹੈ। ਥਾਂ-ਥਾਂ ਬਾਬਾ ਜੀ ਦੀਆਂ ਯਾਦਗਾਰਾਂ ਤੇ ਬੁਲੰਦਾਂ ਤੇ ਮੇਲੇ ਲੱਗਦੇ ਹਨ।

> *“ਚਹਿਲ ਬਾਬਾ ਜੋਗੀਪੀਰ ਜੋਗਾ (ਰਾਜਪਾਲ ਦਾ ਪੁੱਤਰ) ਨੂੰ ਮੰਨਦੇ ਹਨ। ਇਹ ਸਿਰ ਲਹਿਰ ਜਾਣ ਤੇ ਵੀ ਦੁਸ਼ਮਣਾਂ ਦੇ ਆਹੂ ਲਾਹੁੰਦਾ ਰਿਹਾ ਅਤੇ ਫਿਰ ਸ਼ਹੀਦ ਹੋਇਆ। ਜੋਗੀਪੀਰ ਇਹਨਾਂ ਦਾ ਜਠੇਰਾ ਹੈ।”*[3]

ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਅੱਸੂ ਜਾਂ ਭਾਦਰੋਂ ਦੀ ਚਾਨਣੀ ਤੀਜ-ਚੌਥ ਦਾ ਮੇਲਾ ਚਹਿਲ ਗੋਤ ਦੇ ਲੋਕਾਂ ਵੱਲੋਂ ਬਾਬਾ ਜੋਗੀਪੀਰ ਜੀ ਦੀ ਪੂਜਾ ਜਠੇਰਿਆ ਦੇ ਰੂਪ ਵਿੱਚ ਕਰਨ ਲਈ ਲੱਗਦਾ ਹੈ ਅਤੇ ਚੇਤ ਦੀ ਚਾਨਣੀ ਤੀਜ-ਚੌਥ ਦਾ ਮੇਲਾ ਬਾਬਾ ਜੀ ਦੀ ਬਰਸੀ ਦੇ ਤੌਰ ’ਤੇ ਮਨਾਇਆ ਜਾਂਦਾ ਹੈ। ਬਾਬਾ ਜੋਗੀਪੀਰ ਜੀ ਦੇ ਮੁੱਖ ਪੂਜਾ ਸਥਾਨ ਨੂੰ ਬੁਲੰਦ ਦਾ ਨਾਂ ਦਿੱਤਾ ਗਿਆ ਹੈ। ਬੁਲੰਦ ਦੀ ਉਸਾਰੀ ਤੋਂ ਪਹਿਲਾਂ ਬਾਬਾ ਜੀ ਦੀ ਯਾਦਗਾਰ ਨੂੰ ਮਾੜੀ ਕਿਹਾ ਜਾਂਦਾ ਸੀ। ਬਾਅਦ ਵਿੱਚ ਬੁਲੰਦ ਦੀ ਬੇਮਿਸਾਲ ਉਸਾਰੀ ਪਿੱਛੋਂ ਇਹ ਨਵਾਂ ਨਾਂ ਬੁਲੰਦ ਪ੍ਰਚਲਿਤ ਹੋ ਗਿਆ।

*"ਬੁਲੰਦ ਦਾ ਕੋਸ਼ਗਤ ਅਰਥ 'ਉਚਾਈ' ਜਾਂ ਵਿਸ਼ੇਸ ਕਰਕੇ ਉੱਚੀ ਉਸਾਰੀ ਗਈ ਇਮਾਰਤ ਤੋਂ ਹੈ।"* [4]

ਬਾਬਾ ਜੋਗੀਪੀਰ ਜੀ ਦੀ ਪਹਿਲੀ ਯਾਦਗਾਰ ਕਦੋਂ ਬਣੀ ਅਤੇ ਇਸ ਦਾ ਆਕਾਰ ਕਿਹੋ ਜਿਹਾ ਸੀ, ਇਸ ਬਾਰੇ ਅਜੇ ਤੱਕ ਕੋਈ ਖਰੜਾ ਜਾਂ ਜਾਣਕਾਰੀ ਨਹੀਂ ਮਿਲੀ।

**ਚਹਿਲ ਗੋਤ ਦਾ ਇਤਿਹਾਸ**

ਚਹਿਲ ਗੋਤ ਬਾਰੇ ਕਈ ਕਹਾਣੀਆਂ ਪ੍ਰਚਲਿਤ ਹਨ ਜਿਵੇਂ ਸੂਰਜਵੰਸ਼ੀ ਰਾਜਾ ਅਗਰਸੈਨ ਦੇ ਚਾਰ ਪੁੱਤਰ ਚਾਹਲ, ਛੀਨਾ, ਚੀਮਾ, ਅਤੇ ਸਾਹੀ ਸਨ, ਜਿੰਨਾਂ ਦੇ ਨਾਵਾਂ 'ਤੇ ਚਾਰ ਗੋਤ ਵੀ ਜਨਮੇ ਅਤੇ ਇਹ ਆਪਸ ਵਿੱਚ ਵਿਆਹ-ਸ਼ਾਦੀਆਂ ਵੀ ਕਰਦੇ ਸਨ। ਇਹਨਾਂ ਦਾ ਅਸਲ ਦੇਸ਼ ਮਾਲਵਾ (ਮੱਧ ਪ੍ਰਦੇਸ਼) ਕਿਹਾ ਜਾਂਦਾ ਹੈ। ਇਥੋਂ ਯੋਜਨਾ ਬਣਾਕੇ ਇਹ ਪੰਜਾਬ ਵਿੱਚ ਆਏ। 1881 ਦੀ ਮਰਦਮ-ਸ਼ੁਮਾਰੀ ਅਨੁਸਾਰ ਉਸ ਵੇਲੇ ਦੇ ਪੰਜਾਬ ਵਿੱਚ ਇਸ ਗੋਤ ਦੀ ਜਨਸੰਖਿਆ ਲਗਭਗ 63156 ਸੀ।

*"ਰਿੱਖ ਨਾਂ ਦਾ ਇਹਨਾਂ ਦਾ ਵਡੇਰਾ ਤੰਵਰ ਰਾਜਪੂਤ ਸੀ, ਜਿਹੜਾ ਦੱਖਣ ਤੋਂ ਆਇਆ ਤੇ ਕਹਿਲੂਰ ਵਿੱਚ ਆਬਾਦ ਹੋ ਗਿਆ। ਰਿੱਖ ਨੇ ਇਕ ਜੱਟੀ ਨਾਲ ਵਿਆਹ ਕਰਵਾ ਲਿਆ ਤੇ ਉਹ ਇਸ ਤਰ੍ਹਾਂ ਰਾਜਪੂਤ ਤੋਂ ਜੱਟ ਬਣ ਗਿਆ ਅਤੇ ਇਹ ਮਾਲਵੇ ਦੇ ਬਠਿੰਡੇ ਖੇਤਰ ਵਿੱਚ ਮੱਤੀ ਪਿੰਡ ਦੀ ਨੀਂਹ ਰੱਖੀ। ਇਕ ਹੋਰ ਵੇਰਵੇ ਅਨੁਸਾਰ ਇਹ ਚੌਹਾਨ ਰਾਜਪੂਤ ਮੂਲ ਤੋਂ ਗੋਤ ਹੈ।"* [5]

**ਅਜੋਕੇ ਯੁੱਗ ਵਿੱਚ ਬਾਬਾ ਜੋਗੀਪੀਰ ਜੀ ਦੇ ਸਥਾਨ ਦੀ ਮਾਨਤਾ**

ਬਾਬਾ ਜੋਗੀਪੀਰ ਜੀ ਦਾ ਮੁੱਖ ਸਥਾਨ ਮਾਨਸਾ ਜਿਲ੍ਹੇ ਦੇ ਪਿੰਡ ਰੱਲਾ ਵਿਖੇ ਸਥਿਤ ਹੈ। ਇਹ ਸਥਾਨ ਰੱਲਾ ਤੋਂ ਪੂਰਬ-ਦੱਖਣ ਵੱਲ ਨਹਿਰ ਲੰਘ ਕੇ ਲਗਭਗ ਦੋ ਕੁ ਕਿਲੋਮੀਟਰ ਦੀ ਦੂਰੀ ਤੇ ਭੁਪਾਲ ਪਿੰਡ ਦੀ ਹੱਦ ਨਾਲ ਲੱਗਦਾ ਹੈ। ਬਾਬਾ ਜੀ ਦੀ ਝਿੜੀ 212 ਏਕੜ ਵਿੱਚ ਫੈਲੀ ਹੋਈ ਹੈ। ਇਸ ਵਿਸ਼ਾਲ ਝਿੜੀ ਨੂੰ ਸੰਘਣੇ ਦਰੱਖਤਾਂ ਸਣੇ ਪਟਿਆਲਾ ਰਿਆਸਤ ਦੇ ਜ਼ਮੀਨੀ ਬੰਦੋਬਸਤ ਸਮੇਂ ਬਾਬਾ ਜੋਗੀਪੀਰ ਜੀ ਦੇ ਇਸ ਸਥਾਨ ਨੂੰ ਯਾਦਗਾਰ ਵਜੋਂ ਸੰਭਾਲ ਕੇ ਰੱਖ ਲਿਆ ਸੀ। ਬਾਬਾ ਜੀ ਦੀ ਬੁਲੰਦ ਦੀ ਉਸਾਰੀ ਦਾ ਕੰਮ ਮਹਾਰਾਜਾ ਨਰਿੰਦਰ ਸਿੰਘ ਪਟਿਆਲਾ ਵੱਲੋਂ ਰਾਸ਼ੀ ਖਰਚ ਕੇ ਬਖ਼ਸੀ ਪ੍ਰਤਾਪ ਸਿੰਘ ਦੀ ਦੇਖ-ਰੇਖ ਹੇਠ ਸ਼ੁਰੂ ਕਰਵਾਇਆ ਸੀ। ਉੱਚੀ ਮਟੀਲੀ ਆਕਾਰ ਦੀ ਛੋਟੀ ਇੱਟ ਦੀ ਬੁਲੰਦ, ਜਿਸ ਦੀ ਚੂਨੇ ਨਾਲ ਚਿਣਾਈ ਕੀਤੀ ਗਈ ਤੇ ਛੱਡ ਉਪਰ ਚੜ੍ਹਨ ਲਈ ਦੋ ਪਾਸਿਆਂ ਤੋਂ ਪੌੜੀਆਂ ਚੜ੍ਹਾਈਆ ਗਈਆਂ ਹਨ। ਪੌੜੀਆਂ ਦੇ ਨਾਲ-ਨਾਲ ਵੱਡੇ ਆਲੇ ਰੱਖੇ ਗਏ ਹਨ ਜੋ ਬਾਹਰੀ ਰੋਸ਼ਨੀ ਦਾ ਪ੍ਰਤੀਕ ਹਨ। ਇਸ ਬੁਲੰਦ ਦੀ ਉਚਾਈ ਲਗਭਗ 84 ਫੁੱਟ ਹੈ। ਮੇਰੇ ਪੁਰਖਿਆਂ ਦੇ ਕਹਿਣ ਮੁਤਾਬਕ ਜਦੋਂ ਮੀਂਹ ਪੈਂਦਾ ਸੀ ਤਾਂ ਇਹ ਬੁਲੰਦ ਕਾਫ਼ੀ ਦੂਰੀ ਤੋਂ ਦਿਸਦੀ ਸੀ।

ਤੀਜੀ ਮੰਜ਼ਿਲ 'ਤੇ ਬਾਬਾ ਜੀ ਦੀ ਸ਼ਰਧਾ ਪੂਜਾ ਇਕ ਛੋਟੇ ਆਕਾਰ ਦੇ ਕਮਰੇ ਵਿੱਚ ਬਾਬਾ ਜੋਗੀਪੀਰ ਜੀ ਦੇ ਕੱਟੇ ਸੀਸ ਦੇ ਚਿੰਨ੍ਹ ਵਜੋਂ ਗੋਲ ਆਕਾਰ ਰੂਪੀ ਆਕ੍ਰਿਤੀ ਦੀ ਸਿਰਜਣਾ ਕੀਤੀ ਗਈ ਹੈ। ਇਸ ਕਮਰੇ ਦੇ ਆਲੇ ਦੁਆਲੇ ਪ੍ਰਕਰਮਾ ਲਈ ਰਸਤਾ ਛੱਡਿਆ ਗਿਆ ਹੈ। ਉਸ ਪੌੜੀਆਂ ਦੇ ਕੋਲ ਇਸ ਮੰਜ਼ਿਲ ਤੇ ਝੰਡਾ ਚੜ੍ਹਾਇਆ ਹੋਇਆ ਹੈ। ਦੂਜੀ ਮੰਜ਼ਿਲ 'ਤੇ ਬਾਬਾ ਜੀ ਦਾ ਆਸਣ (ਪਲੰਘ) ਲਗਾਇਆ ਹੋਇਆ ਹੈ। ਬੁਲੰਦ ਦੀ ਮੁਰੰਮਤ ਦਾ ਕੰਮ ਫ਼ਰਵਰੀ, 2023 ਵਿੱਚ ਸ਼ੁਰੂ ਹੋ ਚੁੱਕਾ ਹੈ। ਇਸ ਬੁਲੰਦ ਨੂੰ ਪਹਿਲਾਂ ਵਾਲੇ ਰੂਪ ਵਿੱਚ ਤਿਆਰ ਕੀਤਾ ਜਾ ਰਿਹਾ ਹੈ। ਇਸ ਕਾਰਜ ਵਿੱਚ ਰੱਲਾ ਪਿੰਡ ਤੋਂ ਇਲਾਵਾ ਬਾਹਰਲੇ ਪਿੰਡਾਂ ਖ਼ਾਸ ਕਰ ਚਹਿਲ ਭਾਈਚਾਰੇ ਦੇ ਲੋਕ ਆਪਣਾ ਯੋਗਦਾਨ ਪਾ ਰਹੇ ਹਨ। ਬੁਲੰਦ ਦੇ ਖੱਬੇ ਪਾਸੇ ਇਕ ਡਿਉਢੀ ਹੈ ਜਿਸ ਵਿੱਚ ਜੋਤ ਜਗਾਈ ਜਾਂਦੀ ਹੈ। ਇਸ ਕੱਚੀ ਡਿਉਢੀ ਨੂੰ ਹੁਣ ਨਵੇਂ ਸਿਰੇ ਤੋਂ ਸੰਗਮਰਮਰ ਨਾਲ ਤਿਆਰ ਕੀਤਾ ਗਿਆ ਹੈ। ਇਸ ਡਿਉਢੀ ਦੇ ਨਾਲ ਹੀ ਬਾਬਾ ਜੋਗੀਪੀਰ ਜੀ ਦਾ ਬੁੱਤ ਬਣਾ ਕੇ ਘੋੜੇ ਦੀ ਸਵਾਰੀ ਕਰਵਾ ਕੇ ਨਾਲ ਕਾਲਾ ਕੁੱਤਾ ਵੀ ਖੜਾਇਆ ਗਿਆ ਹੈ। ਇਸ ਦੇ ਪਿਛਲੇ ਪਾਸੇ ਮਿੱਟੀ ਦਾ ਵੱਡਾ ਢੇਰ ਹੈ, ਜਿਸ 'ਤੇ ਸ਼ਰਧਾਲੂ ਮਿੱਟੀ ਕੱਢਦੇ ਹਨ। ਬੁਲੰਦ ਦੇ ਸਾਹਮਣੇ ਸਰੋਵਰ ਹੈ ਜਿਸ ਵਿੱਚ ਸ਼ਰਧਾਲੂ ਇਸ਼ਨਾਨ ਕਰਦੇ ਹਨ। ਵੱਡਾ ਲੰਗਰ ਹਾਲ, ਪਾਰਕ ਅਤੇ ਮੁੱਖ ਦਰਵਾਜ਼ੇ ਦੀ ਉੱਚੀ ਸੁੰਦਰ ਡਿਉਢੀ ਇਸ ਪਵਿੱਤਰ ਸਥਾਨ ਨੂੰ ਹੋਰ ਵੀ ਚਾਰ ਚੰਦ ਲਾਉਂਦੀ ਪ੍ਰਤੀਕ ਹੁੰਦੀ ਹੈ। ਵਰਤਮਾਨ ਸਮੇਂ ਵੀ ਚਹਿਲ ਗੋਤ ਵਿੱਚ ਬਾਬਾ ਜੋਗੀਪੀਰ ਦੀ ਬੇਸ਼ੁਮਾਰ ਸ਼ਰਧਾ ਭਾਵਨਾ ਬਣੀ ਹੋਈ ਹੈ।

**ਬਾਬਾ ਜੋਗੀਪੀਰ ਜੀ ਨਾਲ ਸੰਬੰਧਿਤ ਮੇਲੇ ਤੇ ਯਾਦਗਾਰੀ ਸਥਾਨ**

**ਮਾਲਵੇ ਦੇ ਇਲਾਕੇ ਵਿੱਚ-**

**ਚਹਿਲਾਂ ਦਾ ਚਲੇਰਾ:-** ਮਾਨਸਾ ਜ਼ਿਲ੍ਹਾ 40 ਪਿੰਡ ਚਹਿਲ ਗੋਤ ਦੇ ਹਨ। ਇਹਨਾ 40 ਪਿੰਡਾਂ ਨੂੰ ਚਹਿਲਾਂ ਦਾ ਚਲੇਰਾ ਕਿਹਾ ਜਾਂਦਾ ਹੈ। ਗੈਂਡਾ ਚਹਿਲ ਰਾਜ ਦੀ ਵਾਂਗ-ਡੋਰ ਸੰਭਾਲਣ ਸਮੇਂ ਭੀਖੀ ਪਰਗਣਾ ਵਿੱਚ 40 ਪਿੰਡ ਹੀ ਸਨ। ਹੁਣ ਇਹਨਾਂ ਪਿੰਡਾਂ ਦੀ ਗਿਣਤੀ 50 ਹੋ ਗਈ ਹੈ। ਮੁੱਖ ਪਿੰਡ ਰੱਲਾ, ਜੋਗਾ, ਅਕਲੀਆ, ਭੁਪਾਲ, ਖਿਆਲਾ, ਅਤਲਾ ਕਲਾਂ, ਖੀਵਾ ਕਲਾਂ, ਮੌਜੋ, ਮੱਤੀ ਆਦਿ 50 ਪਿੰਡ ਹਨ, ਜਿਹਨਾਂ ਵਿੱਚ ਲਗਭਗ ਸਾਰੇ ਚਹਿਲ ਗੋਤ ਦੇ ਪਰਿਵਾਰ ਹਨ।

**ਕਿੱਲੀ ਚਾਹਲਾਂ:-** ਮੋਗਾ ਜ਼ਿਲ੍ਹਾ ਦੇ ਪਿੰਡ ਕਿੱਲੀ ਚਾਹਲਾਂ ਮੋਗਾ-ਲੁਧਿਆਣਾ ਸੜਕ 'ਤੇ ਸਥਿਤ ਹੈ। ਇਹ ਪਿੰਡ 250 ਸਾਲ ਪੁਰਾਣਾ ਹੈ। ਪਿੰਡ ਦੇ ਬਜ਼ੁਰਗਾਂ ਦੇ ਕਹਿਣ ਮੁਤਾਬਕ ਚਹਿਲ ਗੋਤ ਦੇ ਬਜ਼ੁਰਗਾਂ ਨੇ ਰੱਲਾ ਪਿੰਡ ਤੋਂ ਆ ਕੇ ਕਿੱਲੀ ਚਾਹਲਾਂ ਪਿੰਡ ਵਸਾਇਆ। ਕਿੱਲੀ ਦਾ ਅਰਥ ਹੈ - ਛੋਟਾ ਮੁੱਢ । ਇਸ ਪਿੰਡ ਵਿੱਚ ਬਾਬਾ ਜੋਗੀਪੀਰ ਜੀ ਦੀ ਯਾਦਗਾਰ ਵਜੋਂ ਇਕ ਬੁਲੰਦ ਹੈ, ਜਿਸ ਦੇ ਭਾਦਰੋਂ ਦੀ ਚੌਥ ਤੇ ਚੇਤ ਦੀ ਚੌਥ ਨੂੰ ਸਾਲ ਵਿੱਚ ਦੋ ਮੇਲੇ ਲੱਗਦੇ ਹਨ।

**ਚਹਿਲਾਂ ਵਾਲਾ:-** ਚਹਿਲਾਂ ਵਾਲਾ ਪਿੰਡ ਤਲਵੰਡੀ ਸਾਬੋ ਤੋਂ 15 ਕਿਲੋਮੀਟਰ ਦੂਰ ਲਿੰਕ ਸੜਕ 'ਤੇ ਸਥਿਤ ਹੈ। ਰੱਲਾ ਪਿੰਡ ਤੋਂ ਕੁਝ ਪਰਿਵਾਰਾਂ ਨੇ ਮੋੜੀ ਗੱਡਕੇ ਵਸਾਇਆ ਸੀ। ਜਿੱਥੇ ਜੰਡ ਦਾ ਰੁੱਖ ਅੱਜ ਵੀ ਖੜ੍ਹਾ ਹੈ। ਪੂਰੇ ਪਿੰਡ ਦਾ ਗੋਤ ਚਹਿਲ ਹੋਣ ਕਰਕੇ ਇਸ ਪਿੰਡ ਦਾ ਨਾਂ ਚਹਿਲਾਂ ਵਾਲਾ ਪੈ ਗਿਆ। ਇਸ ਪਿੰਡ ਵਿੱਚ ਬਾਬਾ ਜੋਗੀਪੀਰ ਜੀ ਦੀ ਝਿੜੀ ਹੈ ਜਿਸ ਵਿੱਚ ਬਹੁਤ ਕਰੀਰ ਹਨ। ਇੱਥੇ ਨਵ-ਵਿਆਹੇ ਜੋੜੇ ਮਿੱਟੀ ਕੱਢਦੇ ਹਨ। ਇਸ ਸਥਾਨ 'ਤੇ ਵੀ ਹਰ ਸਾਲ ਚੇਤ ਮਹੀਨੇ ਤੇ ਭਾਦਰੋਂ ਦੀ ਚਾਨਣੀ ਚੌਥ ਨੂੰ ਭਾਰੀ ਮੇਲਾ ਲੱਗਦਾ ਹੈ।

**ਮਾਝੇ ਦੇ ਇਲਾਕੇ ਵਿੱਚ-**

**ਰਸੂਲਪੁਰ ਕਲਾਂ:-** ਅੰਮ੍ਰਿਤਸਰ ਦਾ ਰਸੂਲਪੁਰ ਕਲਾਂ ਜੀ.ਟੀ. ਰੋਡ 'ਤੇ ਸਥਿਤ ਹੈ। ਪਿੰਡ ਦੇ ਜੱਟਾਂ ਦਾ ਮੁੱਖ ਗੋਤ ਚਹਿਲ ਹੈ। ਪਿੰਡ ਤੋਂ ਬਾਹਰਵਾਰ ਚਹਿਲਾਂ ਵੱਲੋਂ ਰਾਮ ਜੋਗੀਪੀਰ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਕਿ ਮਾਝੇ ਦੇ ਚਹਿਲ ਬਾਬਾ ਜੋਗੀਪੀਰ ਜੀ ਨੂੰ ਰਾਮ ਜੋਗੀਪੀਰ ਜੀ ਆਖਦੇ ਹਨ।

**ਦੁਆਬੇ ਦੇ ਇਲਾਕੇ ਵਿੱਚ-**

**ਚਾਹਲ ਕਲਾਂ:-** ਇਹ ਪਿੰਡ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਦੀ ਤਹਿਸੀਲ ਨਵਾਂ ਸ਼ਹਿਰ, ਫਗਵਾੜਾ ਸੜਕ 'ਤੇ ਵਸਿਆ ਹੋਇਆ ਹੈ। ਪਰੰਪਰਾ ਅਨੁਸਾਰ ਮਾਲਵੇ ਦੇ ਚਹਿਲਾਂ ਨੇ ਕਿਸੇ ਸਮੇਂ ਇਹ ਪਿੰਡ ਵਸਾਇਆ ਸੀ। ਇਸ ਪਿੰਡ ਵਿੱਚ ਬਾਬਾ ਜੋਗੀਪੀਰ ਜੀ ਦੀ ਸ਼ਾਨਦਾਰ ਬੁਲੰਦ, ਸਰੋਵਰ, ਵੱਡਾ ਲੰਗਰ ਹਾਲ ਅਤੇ ਦੋ ਵੱਡੇ ਗੇਟ ਬਣੇ ਹੋਏ ਹਨ। ਬਾਬਾ ਜੋਗੀਪੀਰ ਜੀ ਦੀ ਯਾਦ ਵਿੱਚ 5 ਚੇਤ ਨੂੰ ਹਰ ਸਾਲ ਅਖੰਡ-ਪਾਠ ਦੇ ਭੋਗ ਉਪਰੰਤ ਮੇਲਾ ਲੱਗਦਾ ਹੈ।

**ਗਰਚਾ ਤੇ ਢਾਹਾਂ:-** ਨਵਾਂ ਸ਼ਹਿਰ ਦਾ ਇਹ ਪਿੰਡ ਗਰਚਾ ਫਿਲੌਰ-ਰਾਹੋ 'ਤੇ ਸਥਿਤ ਹੈ। ਚਹਿਲ ਗੋਤ ਦੇ ਲੋਕਾਂ ਦੁਆਰਾ ਬਾਬਾ ਜੋਗੀਪੀਰ ਜੀ ਦਾ ਸਥਾਨ ਬਣਾਇਆ ਗਿਆ ਹੈ। ਢਾਹਾਂ ਪਿੰਡ ਨਵਾਂ ਸ਼ਹਿਰ ਦਾ ਇਹ ਪਿੰਡ ਬੰਗਾ-ਫਗਵਾੜਾ ਸੜਕ 'ਤੇ ਸਥਿਤ ਹੈ। ਚਹਿਲ ਗੋਤ ਦੇ ਲੋਕਾਂ ਦੁਆਰਾ ਬਾਬਾ ਜੋਗੀਪੀਰ ਜੀ ਦਾ ਸਥਾਨ ਬਣਾਇਆ ਗਿਆ ਹੈ।

**ਭਾਣੋ ਲੰਗਾ:-** ਕਪੂਰਥਲੇ ਜ਼ਿਲ੍ਹਾ ਦਾ ਪਿੰਡ ਸੁਲਤਾਨਪੁਰ ਤੋਂ 13 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿੱਚ ਬਾਬਾ ਜੋਗੀਪੀਰ ਜੀ ਦਾ ਮੇਲਾ ਅੱਸੂ ਦੇ ਚੌਥੇ ਨਰਾਤੇ ਨੂੰ ਲੱਗਦਾ ਹੈ।

**ਨੱਥੂ ਚਾਹਲ:-** ਇਹ ਪਿੰਡ ਕਪੂਰਥਲਾ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਪਿੰਡ ਵਿੱਚ ਧੰਨ-ਧੰਨ ਬਾਬਾ ਜੋਗੀਪੀਰ ਜੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।

**ਪੁਆਧ ਦੇ ਇਲਾਕੇ ਵਿੱਚ-**

**ਬ੍ਰਾਹਮਣ ਮਾਜਰਾ:-** ਪਿੰਡ ਬ੍ਰਾਹਮਣ ਮਾਜਰਾ ਨੂਰਪੁਰ ਬੇਦੀ ਦੇ ਨੇੜੇ ਬਾਬਾ ਜੋਗੀਪੀਰ ਜੀ ਦਾ ਜਨਮ ਦਿਹਾੜਾ ਹਰ ਸਾਲ ਭਾਦਰੋਂ ਮਹੀਨੇ ਚੰਦਰਮਾ ਦੀ ਤੀਜ ਨੂੰ ਮਨਾਇਆ ਜਾਂਦਾ ਹੈ।

## ਬਾਬਾ ਜੋਗੀਪੀਰ ਜੀ ਦੇ ਨਾਂ 'ਤੇ ਚੱਲਦੇ ਵਿਦਿਅਕ ਅਦਾਰੇ

**ਬਾਬਾ ਜੋਗੀਪੀਰ ਪਬਲਿਕ ਸਕੂਲ ਪਬਲਿਕ, ਰੱਲਾ-**

ਇਸ ਸਕੂਲ ਦੀ ਸਥਾਪਨਾ 1992 ਵਿੱਚ ਬਾਬਾ ਜੋਗੀਪੀਰ ਜੀ ਦੇ ਨਾਮ ਹੇਠ ਬਣੀ ਕਮੇਟੀ ਦੇ ਪ੍ਰਧਾਨ ਲਾਲ ਸਿੰਘ ਦੀ ਅਗਵਾਈ ਵਿੱਚ ਹੋਈ। ਇਸ ਸਕੂਲ ਦੇ ਪਲੇਠੇ ਪ੍ਰਿੰਸੀਪਲ ਸ. ਜਗਜੀਤ ਸਿੰਘ ਔਲਖ ਬਣੇ। ਸ. ਜਗਜੀਤ ਸਿੰਘ ਔਲਖ 1991 ਵਿੱਚ ਸਰਦੂਲਗੜ੍ਹ ਦੇ ਸਕੂਲ ਵਿੱਚੋਂ ਪ੍ਰਿੰਸੀਪਲ ਦੇ ਆਹੁਦੇ ਤੋਂ ਸੇਵਾ-ਮੁਕਤ ਹੋਏ ਸਨ। ਇਸ ਸਕੂਲ ਦੀ ਸ਼ੁਰੂਆਤ ਨਰਸਰੀ ਤੇ ਐਲ.ਕੇ. ਜੀ. ਤੋਂ ਹੋਈ ਸੀ, ਪ੍ਰੰਤੂ ਵਰਤਮਾਨ ਸਮੇਂ ਇਹ ਸਕੂਲ ਨਰਸਰੀ ਤੋਂ ਬਾਰਵੀਂ ਕਲਾਸ ਤੱਕ ਚਲ ਰਿਹਾ ਹੈ।

**ਪੰਜਾਬੀ ਯੂਨੀਵਰਸਿਟੀ, ਬਾਬਾ ਜੋਗੀਪੀਰ ਨੇਬਰਹੁੱਡ ਕੈਂਪਸ, ਰੱਲਾ-**

ਇਸ ਕੈਂਪਸ ਦੀ ਸ਼ੁਰੂਆਤ ਸਾਲ 2006 ਵਿੱਚ ਬਾਬਾ ਜੋਗੀਪੀਰ ਪਬਲਿਕ ਸਕੂਲ, ਰੱਲਾ ਦੀ ਇਮਾਰਤ ਵਿੱਚ ਹੋਈ। ਉਸ ਸਮੇਂ ਇਸ ਕੈਂਪਸ ਵਿੱਚ ਸਿਰਫ਼ PGDCA, BCA ਤੇ CCA ਕੋਰਸ ਹੀ ਸਨ। ਸਾਲ 2008 ਵਿੱਚ ਇਹ ਇਮਾਰਤ ਦਾ ਨੀਂਹ ਪੱਥਰ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਵੱਲੋਂ ਰੱਖਿਆ ਗਿਆ। ਇਸ ਕੈਂਪਸ ਦੀ ਚਾਰ ਮੰਜ਼ਿਲਾਂ ਇਮਾਰਤ ਸਾਲ 2012 ਵਿੱਚ ਬਣਕੇ ਤਿਆਰ ਹੋ ਚੁੱਕੀ ਹੈ। ਵਰਤਮਾਨ ਸਮੇਂ ਇਸ ਕੈਂਪਸ ਵਿੱਚ B.A., BCA,

DCA, PGDCA, MCA ਕੋਰਸ ਚੱਲ ਰਹੇ ਹਨ। ਇਹ ਕੈਂਪਸ ਮਾਨਸਾ ਜਿਲ੍ਹੇ ਦੇ ਪੇਂਡੂ ਖੇਤਰ ਦੇ ਵਿਦਿਆਰਥੀਆ ਨੂੰ ਸਿੱਖਿਆ ਵੰਡਣ ਵਿੱਚ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ।

ਸਮੁੱਚੇ ਤੌਰ ‘ਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦੇ ਗੁਆਂਢੀ ਰਾਜਾਂ ਹਰਿਆਣਾ ਤੇ ਰਾਜਸਥਾਨ ਸਮੇਤ ਸਿਆਲਕੋਟ (ਪਾਕਿਸਤਾਨ) ਵਿੱਚ ਵੀ ਚਹਿਲ ਭਾਈਚਾਰਾ ਵਸਦਾ ਹੈ। ਭਾਵੇਂ ਵੱਖ-ਵੱਖ ਪਿੰਡਾਂ ਦੇ ਚਹਿਲਾਂ ਨੇ ਆਪਣੇ ਪਿੰਡ ਮਿੱਟੀ ਲਿਜਾ ਕੇ ਬਾਬਾ ਜੋਗੀਪੀਰ ਜੀ ਦੇ ਸਥਾਨ ਬਣਾ ਲਏ ਹਨ, ਪ੍ਰੰਤੂ ਚਹਿਲਾਂ ਦਾ ਮੁੱਖ ਸਥਾਨ ਮਾਨਸਾ ਜਿਲ੍ਹੇ ਦੇ ਪਿੰਡ ਰੱਲਾ ਵਿੱਚ ਹੀ ਸਥਿਤ ਹੈ, ਲਗਭਗ ਸਾਲ ਵਿੱਚ ਦੋ ਵਾਰ ਚਹਿਲ ਭਾਈਚਾਰੇ ਦੇ ਲੋਕ ਰੱਲਾ ਪਿੰਡ ਬਾਬਾ ਜੋਗੀਪੀਰ ਜੀ ਦੇ ਸਥਾਨ ’ਤੇ ਦਰਸ਼ਨ ਕਰਨ ਆਉਂਦੇ ਹਨ।

## *ਹਵਾਲੇ ਅਤੇ ਟਿੱਪਣੀਆਂ*


1. *ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1936, ਪੰਨਾ: 1956.*
2. *H. A. Rose, A Glossary of the tribes and castes of the Punjab and North-West Frontier Province, Punjab National Press, Delhi, 1883, Page: 146, (Translator by Retd. School Principal Jagjit Singh Aulakh, Budhlada).*
3. *ਡਾ. ਰਾਏਜਸਵੀਰ ਸਿੰਘ, ਮਹਾਨ ਪੰਜਾਬ ਦੇ ਜੱਟਾਂ ਦੀਆਂ ਜਾਤਾਂ ਤੇ ਲੋਕਧਾਰਾ, ਡਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003, ਪੰਨਾ: 101.*
4. *ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ: 7.*
5. *ਕਿਰਪਾਲ ਸਿੰਘ ਦਰਦੀ, ਪੰਜਾਬ ਦੀਆਂ ਜਾਤਾਂ ਤੇ ਗੋਤ : ਜੱਟ ਤੇ ਹੋਰ ਜਾਤਾਂ, ਨਿਊ ਬੁੱਕ ਕੰਪਨੀ, ਜਲੰਧਰ, 2000, ਪੰਨਾ: 67.*



***Cite this Article-***

ਪ੍ਰੋ. ਰਾਜਵਿੰਦਰ ਕੌਰ *(Prof. Rajwinder Kaur)*, ਚਹਿਲਾਂ ਦਾ ਮੱਕਾ: ਬਾਬਾ ਜੋਗੀਪੀਰ ਜੀ ਦਾ ਪਿਛੋਕੜ *(CHAHILAN DA MAKKA: BABA JOGIPEER JI DA PISHOKAD)*, ਅਰਮਾਨ *(ARMAAN), ISSN: 2583-9446, Volume 3, Issue 2, April-June 2025, Page: 29-33.*

***Journal URL:*** ***www.armaan.org.in***

***DOI: https://doi.org/10.64119/armaan.vol.3.issue2.06***



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*